# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ.....22136.../ਸੀ.ਓ.ਈ.

ਮਿਤੀ.......13/09/2024

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

ਮਿਤੀ 02 ਸਤੰਬਰ, 2024 ਨੂੰ ਡੀਨ, ਅਕਾਦਮਿਕ ਮਾਮਲੇ ਦੀ ਅਗਵਾਈ ਵਿੱਚ ਹੋਈ ਮੀਟਿੰਗ ਵਿੱਚ ਹੇਠ ਲਿਖੇ ਪੇਸ਼ ਹੋਏ ਸੁਝਾਅ ਪਾਸ ਹੋਏ ਆਪ ਜੀ ਦੀ ਜਾਣਕਾਰੀ ਅਤੇ ਕਾਰਵਾਈ ਹਿੱਤ:-

1. NEP, 2020 ਦੇ ਨਾਲ ਸਬੰਧਤ ਬੀ.ਏ., ਬੀ. ਐਸ.ਸੀ., ਬੀ.ਕਾਮ ਅਤੇ ਹੋਰ ਅੰਡਰ ਗ੍ਰੇਜੂਏਟ ਕੋਰਸਾਂ ਵਿਚ 02 ਕ੍ਰੈਡਿਟ ਵਾਲੇ ਸਾਰੇ ਵਿਸ਼ਿਆ ਦਾ ਪੇਪਰ ਸਬੰਧਿਤ ਕਾਲਜ/ਵਿਭਾਗਾਂ/ਰਿਜ਼ਨਲ ਸੈਂਟਰਾਂ/ਨੇਬਰਹੁੱਡ ਕੈਂਪਸਾਂ ਦੇ ਮੁਖੀ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ ਆਪਣੇ ਪੱਧਰ ਉਪਰ ਕਰਵਾਏਗਾ। ਇਹ ਪੇਪਰ 02 ਕ੍ਰੈਡਿਟ ਦਾ ਹੋਣ ਕਰਕੇ 1 ਘੰਟਾ 30 ਮਿੰਟ ਦੀ ਅਵਧੀ ਦਾ ਹੋਵੇਗਾ। ਇਨ੍ਹਾਂ ਪੇਪਰਾਂ ਦੀ ਡੇਟ-ਸ਼ੀਟ ਸੈਂਟਰਲ ਲੈਵਲ ਤੇ ਪ੍ਰੀਖਿਆ ਸ਼ਾਖਾ ਵੱਲੋਂ ਸਾਰੇ ਕਾਲਜਾਂ/ਵਿਭਾਗਾਂ/ਰਿਜ਼ਨਲ ਸੈਂਟਰਾਂ/ਨੇਬਰਹੁੱਡ ਕੈਂਪਸਾਂ ਦੇ ਮੁਖੀ/ਇੰਚਾਰਜ਼ ਸਾਹਿਬਾਨ ਲਈ ਜਾਰੀ ਕੀਤੀ ਜਾਵੇਗੀ। ਇਨ੍ਹਾਂ ਵਿਸ਼ਿਆ ਦੇ ਪ੍ਰਸ਼ਨ ਪੱਤਰ ਵੀ ਕਾਲਜ ਆਪਣੇ ਪੱਧਰ ਤੇ ਤਿਆਰ ਕਰਵਾਏਗਾ। ਪੇਪਰ ਕਰਵਾਉਣ ਉਪਰੰਤ ਇਨ੍ਹਾਂ ਦੀ ਚੈਕਿੰਗ ਤੋਂ ਬਾਅਦ ਅਵਾਰਡ ਯੂਨੀਵਰਸਿਟੀ ਦੇ ਸਮੂਹ ਕਾਲਜਾਂ/ਵਿਭਾਗਾਂ/ਰਿਜ਼ਨਲ ਸੈਂਟਰਾਂ/ਨੇਬਰਹੁੱਡ ਕੈਂਪਸਾਂ ਦੇ ਮੁਖੀ/ਇੰਚਾਰਜ਼ ਸਾਹਿਬਾਨ ਪ੍ਰੀਖਿਆ ਸ਼ਾਖਾ ਦੇ ਪੋਰਟਲ ਤੇ ਪੇਪਰ ਹੋਣ ਉਪਰੰਤ 20 ਦਿਨਾਂ ਦੇ ਅੰਦਰ ਅੰਦਰ ਅਪਲੋਡ ਕਰਵਾਏਗਾ।

2. ਉਪਰੋਕਤ 02 ਕ੍ਰੈਡਿਟ ਵਾਲੇ ਸਾਰੇ ਵਿਸ਼ਿਆ ਲਈ ਕੋਈ ਵੀ ਰੀ- ਚੈਕਿੰਗ/ਰੀ-ਇਵੈਲੂਏਸ਼ਨ ਦੀ ਵਿਵਸਥਾ ਨਹੀਂ ਹੋਵੇਗੀ। ਕਾਲਜਾਂ/ਵਿਭਾਗਾਂ/ਰਿਜ਼ਨਲ ਸੈਂਟਰਾਂ/ਨੇਬਰਹੁੱਡ ਕੈਂਪਸਾਂ ਦੇ ਮੁਖੀ/ਇੰਚਾਰਜ/ਕੋਆਰਡੀਨੇਟਰ ਸਾਹਿਬਾਨ ਅਵਾਰਡ ਪ੍ਰੀਖਿਆ ਸ਼ਾਖਾ ਦੇ ਪੋਰਟਲ ਤੇ ਅਪਲੋਡ ਕਰਨ ਤੋਂ ਪਹਿਲਾਂ ਆਪਣੇ ਪੱਧਰ ਤੇ ਇੱਕ ਮਿਥੇ ਸ਼ਡਿਊਲ ਅਨੁਸਾਰ ਉਪਰੋਕਤ ਪੇਪਰਾਂ ਦੀਆਂ ਉਤਰ-ਕਾਪੀਆਂ ਆਪਣੇ ਵਿਦਿਆਰਥੀਆਂ ਨੂੰ ਦਿਖਾਉਣ ਦਾ ਇੰਤਜਾਮ ਕਰੇਗਾ।

3. ਜਿਵੇਂ ਕਿ NEP, 2020 ਦੇ ਅਧੀਨ ਸਾਰੇ ਅੰਡਰ ਗ੍ਰੇਜੂਏਟ ਕੋਰਸਾਂ ਵਿੱਚ ਪੰਜਾਬੀ ਕੰਪਲਸਰੀ ਦਾ ਵਿਸ਼ਾ ਵੀ ਹਰ ਸਮੈਸਟਰ ਵਿਚ ਪੜ੍ਹਾਇਆ ਜਾਣਾ ਹੈ। ਇਸ ਸਬੰਧੀ ਵੀ ਇਹ ਫੈਸਲਾ ਲਿਆ ਗਿਆ ਕਿ ਸੈਸ਼ਨ 2024-2025 (ਦਸੰਬਰ,2024 ਅਤੇ ਮਈ, 2025) ਦੌਰਾਨ ਇਹ ਪੇਪਰ ਵੀ ਕਾਲਜਾਂ/ਵਿਭਾਗਾਂ/ਰਿਜ਼ਨਲ ਸੈਂਟਰਾਂ/ਨੇਬਰਹੁੱਡ ਕੈਂਪਸਾਂ ਦੇ ਮੁਖੀ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ ਆਪਣੇ ਪੱਧਰ ਤੇ ਕਰਵਾਕੇ ਇਸ ਦੀ ਅਵਾਰਡ ਵੀ ਪ੍ਰੀਖਿਆ ਸ਼ਾਖਾ ਦੇ ਪੋਰਟਲ ਤੇ ਪੇਪਰ ਹੋਣ ਉਪਰੰਤ 20 ਦਿਨਾਂ ਦੇ ਅੰਦਰ ਅੰਦਰ ਅਪਲੋਡ ਕਰਵਾਏਗਾ। ਇਸ ਪੇਪਰ ਦੀ ਡੇਟ-ਸ਼ੀਟ ਵੀ ਸੈਂਟਰਲ ਲੈਵਲ ਤੇ ਪ੍ਰੀਖਿਆ ਸ਼ਾਖਾ ਵਲੋਂ ਸਾਰੇ ਕਾਲਜਾਂ/ਵਿਭਾਗਾਂ/ਰਿਜ਼ਨਲ ਸੈਂਟਰਾਂ/ਨੇਬਰਹੁੱਡ ਕੈਂਪਸਾਂ ਦੇ ਮੁਖੀ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ ਲਈ ਜਾਰੀ ਕੀਤੀ ਜਾਵੇਗੀ। ਪੰਜਾਬੀ ਕੰਪਲਸਰੀ ਦਾ ਪ੍ਰਸ਼ਨ ਪੱਤਰ ਕੰਨਫੀਡੈਂਸ਼ਲ ਬ੍ਰਾਂਚ ਵਲੋਂ ਜਾਰੀ ਕਰਵਾਇਆ ਜਾਵੇਗਾ।

4. ਉਪਰੋਕਤ ਲੜੀ ਨੰਬਰ 1 ਅਤੇ 3 ਅਨੁਸਾਰ ਕਰਵਾਏ ਜਾਣ ਵਾਲੇ ਪੇਪਰਾਂ ਦੀ ਡੇਟ-ਸ਼ੀਟ ਸਮੈਸਟਰ ਦੀ ਡੇਟ ਸ਼ੀਟ ਦੀਆਂ ਮਿਤੀਆਂ ਤੋਂ ਇਕ ਹਫਤਾ ਪਹਿਲਾਂ ਹੀ ਜਾਰੀ ਕਰ ਦਿੱਤੀ ਜਾਵੇਗੀ।

5. ਸੈਸ਼ਨ 2024-2025 ਤੋਂ ਕਾਲਜਾਂ ਵਿੱਚ ਗ੍ਰੇਜੂਏਸ਼ਨ ਦੀਆਂ ਆਨਰਜ਼ ਅਤੇ ਬਿਨਾਂ ਆਨਰਜ਼ ਦੀਆਂ ਕਲਾਸਾਂ ਵਿੱਚ ਪਹਿਲੇ ਤਿੰਨ ਸਾਲਾਂ ਦੌਰਾਨ ਕੋਈ ਅੰਤਰ ਨਹੀਂ ਹੋਵੇਗਾ। ਇਸ ਤੋਂ ਇਲਾਵਾ ਜਿਹੜੇ ਵਿਦਿਆਰਥੀ ਚੌਥੇ ਸਾਲ ਦੀ ਪੜ੍ਹਾਈ ਲਗਾਤਾਰਤਾ ਵਿੱਚ ਜਾਰੀ ਰੱਖਣਗੇ, ਉਨਾਂ ਵਿਦਿਆਰਥੀਆਂ ਨੂੰ ਹੀ ਗ੍ਰੇਜੂਏਸ਼ਨ (ਆਨਰਜ਼) ਦੀ ਡਿਗਰੀ ਜਾਰੀ ਕੀਤੀ ਜਾਵੇਗੀ।

Sharma 13/09/24

ਕੰਟਰੋਲਰ (ਪ੍ਰੀਖਿਆਵਾਂ)

Scanned with CamScan